ਨਟ ਮਹਲਾ ੫ ॥ ਹਉ ਵਾਰਿ ਵਾਰਿ ਜਾਉ ਗੁਰ ਗੋਪਾਲ ॥੧॥ ਰਹਾਉ ॥ ਮੋਹਿ ਨਿਰਗੁਨ ਤੁਮ ਪੂਰਨ ਦਾਤੇ ਦੀਨਾ ਨਾਥ ਦਇਆਲ ॥੧॥ ਊਠਤ ਬੈਠਤ ਸੋਵਤ ਜਾਗਤ ਜੀਅ ਪ੍ਰਾਨ ਧਨ ਮਾਲ ॥੨॥ ਦਰਸਨ ਪਿਆਸ ਬਹੁਤੁ ਮਨਿ ਮੇਰੈ ਨਾਨਕ ਦਰਸ ਨਿਹਾਲ ॥੩॥੮॥੯॥ {ਪੰਨਾ 980}

ਪਦਅਰਥ:- ਹਉ—ਹਉਂ, ਮੈਂ। ਵਾਰਿ ਵਾਰਿ ਜਾਉ —ਵਾਰਿ ਵਾਰਿ ਜਾਉਂ , ਮੈਂ ਸਦਕੇ ਜਾਂਦਾ ਹਾਂ , ਮੈਂ ਕੁਰਬਾਨ ਜਾਂਦਾ ਹਾਂ। ਗੁਰ —ਹੇ ਗੁਰੂ! ਹੇ ਸਭ ਤੋਂ ਵੱਡੇ ! ਗੋਪਾਲ—ਹੇ ਸ੍ਰਿਸ਼ਟੀ ਦੇ ਪਾਲਣਹਾਰ। 1। ਰਹਾਉ।

ਮੋਹਿ—ਮੈਂ। ਨਿਰਗੁਨ—ਗੁਣ-ਹੀਨ। ਦੀਨਾਨਾਥ—ਹੇ ਦੀਨਾਂ ਦੇ ਨਾਥ ! ਦਇਆਲ—ਹੇ ਦਇਆ ਦੇ ਘਰ!।1।

ਜੀਅ—ਜਿੰਦ ਦਾ। ਪ੍ਰਾਨ—ਪ੍ਰਾਣਾਂ ਦਾ।2।

ਮਨਿ ਮੇਰੈ—ਮੇਰੇ ਮਨ ਵਿਚ।3।

ਅਰਥ:- ਹੇ ਸਭ ਤੋਂ ਵੱਡੇ ਸ੍ਰਿਸ਼ਟੀ ਦੇ ਪਾਲਣਹਾਰ ! ਮੈਂ (ਤੈਥੋਂ) ਸਦਕੇ ਜਾਂਦਾ ਹਾਂ ਕੁਰਬਾਨ ਜਾਂਦਾ ਹਾਂ।1। ਰਹਾਉ।

ਹੇ ਦੀਨਾਂ ਦੇ ਨਾਥ! ਹੇ ਦਇਆ ਦੇ ਘਰ ਪ੍ਰਭੂ! ਮੈਂ ਗੁਣ-ਹੀਨ ਹਾਂ, ਤੂੰ ਸਭ ਦਾਤਾਂ ਦੇਣ ਵਾਲਾ ਹੈਂ।1।

ਹੇ ਪ੍ਰਭੂ! ਉਠਦਿਆਂ ਬੈਠਦਿਆਂ ਸੁੱਤਿਆਂ ਜਾਗਦਿਆਂ ਤੂੰ ਹੀ ਮੇਰੀ ਜਿੰਦ ਦਾ ਮੇਰੇ ਪ੍ਰਾਣਾਂ ਦਾ ਸਹਾਰਾ ਹੈਂ।2।

ਹੇ ਪ੍ਰਭੂ! ਮੇਰੇ ਮਨ ਵਿਚ ਤੇਰੇ ਦਰਸਨ ਦੀ ਬਹੁਤ ਤਾਂਘ ਹੈ। (ਮੈਨੂੰ) ਨਾਨਕ ਨੂੰ ਦਰਸਨ ਦੇ ਕੇ ਨਿਹਾਲ ਕਰ।3।8।9।